Halton District School Board

HDSB STUDENT Census

## ਵਿਦਿਆਰਥੀ ਮਰਦਮਸ਼ੁਮਾਰੀ ਕੀ ਹੈ?

- ਵਿਦਿਆਰਥੀ ਮਰਦਮ ਸ਼ੁਮਾਰੀ ਇਹ ਮਾਪਣ ਦਾ ਇੱਕ ਮਹੱਤਵਪੂਰਨ ਤਰੀਕਾ ਹੈ ਕਿ ਤੁਹਾਡੇ – ਸਾਡੇ ਵਿਦਿਆਰਥੀਆਂ ਦੇ – ਵਿਚਾਰ ਵਿੱਚ ਸਾਡੇ ਸਕੂਲ ਕਿਵੇਂ ਕੰਮ ਕਰ ਰਹੇ ਹਨ।
- ਮਰਦਮਸ਼ੁਮਾਰੀ ਇੱਕ ਸਵਾਲਨਾਮਾ ਹੈ ਜੋ ਤੁਹਾਡੇ ਬਾਰੇ ਸਵਾਲ ਪੁੱਛਦਾ ਹੈ।
- ਤੁਹਾਡੇ ਮਾਪਿਆਂ/ਨਿਗਰਾਨਾਂ ਨੇ ਇਸ ਸਵਾਲਨਾਮੇ ਨੂੰ ਭਰਨ ਲਈ ਇਜਾਜ਼ਤ ਦਿੱਤੀ ਹੈ।

## ਇਸ ਨੂੰ ਭਰਨ ਵਿੱਚ ਕਿੰਨਾ ਸਮਾਂ ਲਗੇਗਾ ਅਤੇ ਮੈਂ ਸਵਾਲਾਂ ਦੇ ਜਵਾਬ ਕਿਵੇਂ ਦੇਣੇ ਹਨ?

- ਵਿਦਿਆਰਥੀ ਮਰਦਮਸ਼ੁਮਾਰੀ ਦੇ ਸਵਾਲਨਾਮੇ ਨੂੰ ਭਰਨ ਵਿੱਚ ਕਲਾਸ ਦਾ ਤਕਰੀਬਨ ਇੱਕ ਪੀਰਿਅਡ ਲਗੇਗਾ। ਜੇ ਤੁਹਾਨੂੰ ਜ਼ਿਆਦਾ ਸਮਾਂ ਚਾਹੀਦਾ ਹੈ ਤਾਂ ਕੋਈ ਗੱਲ ਨਹੀਂ ਹੈ, ਤੁਸੀਂ ਆਪਣੇ ਜਵਾਬਾਂ ਨੂੰ 'ਸੇਵ' ਕਰ ਸਕਦੇ ਹੋ ਅਤੇ ਬਾਅਦ ਵਿੱਚ ਆ ਕੇ ਜਾਰੀ ਰੱਖ ਸਕਦੇ ਹੋ। ਬਸ, ਆਪਣੇ ਟੀਚਰ ਨੂੰ ਇਸ ਬਾਰੇ ਦੱਸ ਦਿਓ।
- ਇਹ ਕੋਈ ਟੈਸਟ ਨਹੀਂ ਹੈ। ਇਸ ਵਿੱਚ ਕੋਈ ਸਹੀ ਜਾਂ ਗਲਤ ਜਵਾਬ ਨਹੀਂ ਹਨ। ਤੁਹਾਨੂੰ ਵੱਧ ਤੋਂ ਵੱਧ ਇਮਾਨਦਾਰੀ ਨਾਲ ਬਿਹਤਰੀਨ ਜਵਾਬ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।
- ਜੇ ਤੁਹਾਨੂੰ ਕਿਸੇ ਸਵਾਲ ਦਾ ਜਵਾਬ ਨਹੀਂ ਪਤਾ, ਤੁਸੀਂ ਉਹ ਜਵਾਬ ਚੁਣੋ ਜੋ ਤੁਹਾਨੂੰ ਸਭ ਤੋਂ ਵੱਧ ਸਹੀ ਲਗਦਾ ਹੈ। ਕੁਝ ਸਵਾਲਾਂ ਲਈ ਤੁਸੀਂ 'ਪਤਾ ਨਹੀਂ' ਜਵਾਬ ਦੀ ਚੋਣ ਕਰ ਸਕਦੇ ਹੋ ਅਤੇ ਕੁਝ ਸਵਾਲਾਂ ਨੂੰ ਤੁਸੀਂ ਛੱਡ ਸਕਦੇ ਹੋ।
- ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਹਨ ਜਾਂ ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਤੁਹਾਡੇ ਕੋਲੋਂ ਕੀ ਪੁੱਛਿਆ ਜਾ ਰਿਹਾ ਹੈ, ਤਾਂ ਕਿਰਪਾ ਕਰਕੇ ਕਮਰੇ ਵਿੱਚ ਮੌਜੂਦ ਕਿਸੇ ਟੀਚਰ ਜਾਂ ਬਾਲਗ ਨੂੰ ਪੁੱਛੋ।

## ਕੀ ਮੇਰੇ ਲਈ ਹਿੱਸਾ ਲੈਣਾ ਜ਼ਰੂਰੀ ਹੈ?

- ਹਾਲਾਂਕਿ ਵਿਦਿਆਰਥੀ ਮਰਦਮਸ਼ੁਮਾਰੀ ਸਵੈ-ਇੱਛਿਤ ਹੈ, ਜਵਾਬਾਂ ਦੀ ਜ਼ਿਆਦਾ ਸੰਖਿਆ ਨਾਲ ਬੋਰਡ ਨੂੰ ਸਾਰੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਦੇ ਤਰੀਕਿਆਂ ਦਾ ਪਤਾ ਲਾਉਣ ਲਈ ਜ਼ਿਆਦਾ ਜਾਣਕਾਰੀ ਮਿਲੇਗੀ।
- ਤੁਸੀਂ ਕਿਸੇ ਵੀ ਸਵਾਲ ਨੂੰ ਛੱਡ ਸਕਦੇ ਹੋ, ਅਤੇ ਤੁਹਾਡੇ ਕੋਲ ਕਿਸੇ ਵੀ ਸਮੇਂ ਛੱਡ ਕੇ ਜਾਣ ਦਾ ਵਿਕਲਪ ਵੀ ਹੈ।
- ਵਿਦਿਆਰਥੀ ਮਰਦਮਸ਼ੁਮਾਰੀ ਦੇ ਸਵਾਲਨਾਮੇ ਨੂੰ ਭਰਨ ਨਾਲ ਤੁਹਾਡੇ ਗਰੇਡਾਂ ਤੇ ਕੋਈ ਅਸਰ ਨਹੀਂ ਪਵੇਗਾ।

## ਕੀ ਤੁਸੀਂ ਮੇਰੇ ਜਵਾਬ ਦੂਜਿਆਂ ਨਾਲ ਸਾਂਝੇ ਕਰੋਗੇ?

- ਕੁਝ ਸਵਾਲ ਬਹੁਤ ਨਿਜੀ ਹਨ; ਕਿਰਪਾ ਕਰਕੇ ਉਹਨਾਂ ਦੇ ਜਵਾਬ ਆਪਣੇ ਆਪ, ਕਿਸੇ ਹੋਰ ਨਾਲ ਗੱਲ ਕੀਤੇ ਬਿਨਾ, ਦਿਓ।
- ਤੁਹਾਡੇ ਜਵਾਬ ਗੁਪਤ ਰਹਿਣਗੇ ਅਤੇ ਸਿਰਫ ਬੋਰਡ ਦੇ ਦਫਤਰ ਵਿੱਚ ਰਿਸਰਚ ਡਿਪਾਰਟਮੈਂਟ ਤੁਹਾਡੇ ਜਵਾਬਾਂ ਨੂੰ ਦੇਖ ਸਕੇਗਾ।
- ਜੇ ਤੁਹਾਡੇ ਜਵਾਬਾਂ ਵਿੱਚ ਤੁਹਾਡੀ ਜਾਂ ਦੂਜਿਆਂ ਦੀ ਸੁਰੱਖਿਆ ਬਾਰੇ ਚਿੰਤਾ ਦਾ ਸੰਕੇਤ ਮਿਲਦਾ ਹੈ ਤਾਂ ਸਾਨੂੰ ਤੁਹਾਡੇ ਨਾਲ ਅਤੇ ਤੁਹਾਡੇ ਪ੍ਰਿੰਸੀਪਲ ਨਾਲ ਗੱਲਬਾਤ ਕਰਨੀ ਪਵੇਗੀ। ਸਿਰਫ ਇਸੇ ਇੱਕ ਕਾਰਨ ਕਰਕੇ ਤੁਹਾਡੇ ਕੁਝ ਜਵਾਬਾਂ ਨੂੰ ਤੁਹਾਡੇ ਪ੍ਰਿੰਸੀਪਲ ਅਤੇ/ਜਾਂ ਮਾਤਾ-ਪਿਤਾ/ਨਿਗਰਾਨ ਨਾਲ ਸਾਂਝਾ ਕਰਨਾ ਪਵੇਗਾ।

## ਵਿਦਿਆਰਥੀ ਮਰਦਮਸ਼ੁਮਾਰੀ ਦੇ ਬਾਅਦ ਮੈਂ ਕਿਸ ਦੇ ਨਾਲ ਗੱਲਬਾਤ ਕਰ ਸਕਦਾ(ਦੀ) ਹਾਂ?

- ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਤੁਸੀਂ ਆਪਣੇ ਟੀਚਰ ਅਤੇ/ਜਾਂ ਪ੍ਰਿੰਸੀਪਲ ਨਾਲ ਗੱਲਬਾਤ ਕਰ ਸਕਦੇ ਹੋ।
- ਜੇ ਤੁਸੀਂ ਕਿਸੇ ਹੋਰ ਨਾਲ, ਆਪਣਾ ਨਾਂ ਦੱਸੇ ਬਿਨਾ, ਗੱਲ ਕਰਨਾ ਚਾਹੁੰਦੇ ਹੋ ਤਾਂ ਤੁਸੀਂ *ਕਿਡਜ਼ ਹੈਲਪ ਫੋਨ* ਨਾਲ 686868 'ਤੇ ਟੈਕਸਟ ਸੁਨੇਹਾ ਭੇਜ ਕੇ, 1-800-668-6868 'ਤੇ ਫੋਨ ਕਰਕੇ, ਜਾਂ ਹੇਠਲੇ ਪਤੇ 'ਤੇ ਲਾਈਵ ਚੈਟ ਕਰ ਸਕਦੇ ਹੋ:

  https://kidshelpphone.ca/live-chat/

## ਸਭ ਤੋਂ ਪਹਿਲਾਂ ਬੋਲੀ ਗਈ ਭਾਸ਼ਾ(ਵਾਂ)

1. ਇੱਕ ਬੱਚੇ ਵਜੋਂ ਤੁਸੀਂ ਕਿਹੜੀ ਪਹਿਲੀ ਭਾਸ਼ਾ(ਵਾਂ) ਬੋਲਣੀ ਸਿੱਖੀ? ਸਾਰੇ ਲਾਗੂ ਜਵਾਬਾਂ ਤੇ ਸਹੀ ਲਗਾਉ।

- ❑ ਅਮਰੀਕੀ ਚਿੰਨ੍ਹ ਭਾਸ਼ਾ
- ❑ ਅਲਬਾਨੀ
- ❑ ਅਰਬੀ
- ❑ ਬੰਗਾਲੀ
- ❑ ਚੀਨੀ
- ❑ ਕ੍ਰੋਸ਼ੀਅਨ
- ❑ ਦਰੀ
- ❑ ਡੱਚ
- ❑ ਅੰਗਰੇਜ਼ੀ
- ❑ ਫਾਰਸੀ
- ❑ ਫ੍ਰੈਂਚ
- ❑ ਜਰਮਨ
- ❑ ਯੂਨਾਨੀ
- ❑ ਗੁਜਰਾਤੀ
- ❑ ਇਬਰਾਨੀ
- ❑ ਹਿੰਦੀ
- ❑ ਹੰਗੇਰਿਅਨ
- ❑ ਅਨੀਸ਼ੀਨਾਬੇਮੋਵਿਨ (ਜਿਵੇਂ, ਓਜੀਬਵਾ, ਓਡਾਵਾ, ਅਲਗੋਨਕੁਇਨ)
- ❑ ਕਾਯੂਗਾ
- ❑ ਕ੍ਰੀ
- ❑ ਮਾਇਕਮਾਕ
- ❑ ਇਨੁਕਟੀਟੂਟ
- ❑ ਮੋਹੌਕ
- ❑ ਓਨਾਇਡਾ
- ❑ ਓਨੋਨਡਾਗਾ
- ❑ ਟਸਕਾਰੋਰਾ
- ❑ ਸੈਨੇਕਾ
- ❑ ਇਤਾਲਵੀ
- ❑ ਕੋਰੀਅਨ
- ❑ ਮਲਿਆਲਮ
- ❑ ਪੋਲਿਸ਼
- ❑ ਪੁਰਤਗਾਲੀ
- ❑ ਪੰਜਾਬੀ
- ❑ ਰੂਸੀ
- ❑ ਸਰਬੀਆਈ
- ❑ ਸੋਮਾਲੀ
- ❑ ਸਪੈਨਿਸ਼
- ❑ ਟੈਗਾਲੋਗ
- ❑ ਤਮਿਲ
- ❑ ਯੂਕ੍ਰੇਨੀ
- ❑ ਉਰਦੂ
- ❑ ਵਿਅਤਨਾਮੀ
- ❑ ਉਹ ਭਾਸ਼ਾ ਇਸ ਸੂਚੀ ਵਿੱਚ ਨਹੀ ਹੈ (ਕਿਰਪਾ ਕਰਕੇ ਵੇਰਵਾ ਦਿਓ):__________
- ❑ ਪੱਕਾ ਪਤਾ ਨਹੀਂ

## ਮੂਲ ਵਾਸੀ ਪਛਾਣ

2. ਕੀ ਤੁਸੀਂ ਆਪਣੀ ਪਛਾਣ ਫਸਟ ਨੇਸ਼ਨਜ਼, ਮੈਟਿਸ ਅਤੇ/ਜਾਂ ਇਨਯੂਇਟ ਵਜੋਂ ਕਰਦੇ ਹੋ? ਜੇ ਹਾਂ, ਤਾਂ ਸਾਰੇ ਲਾਗੂ ਜਵਾਬਾਂ ਤੇ ਸਹੀ ਲਗਾਉ:

- ❑ ਨਹੀਂ
- ❑ ਹਾਂ, ਫਸਟ ਨੇਸ਼ਨਜ਼
- ❑ ਹਾਂ, ਮੈਟਿਸ
- ❑ ਹਾਂ, ਇਨਯੂਇਟ

## ਜਾਤੀਅਤਾ

ਜਾਤੀਅਤਾ ਕੀ ਹੈ?

ਜਾਤੀ ਸਮੂਹਾਂ ਦੀ, ਅਕਸਰ ਪਛਾਣਨ ਯੋਗ ਸਭਿਆਚਾਰਕ, ਭਾਸ਼ਾਈ ਅਤੇ/ਜਾਂ ਧਾਰਮਿਕ ਵਿਸ਼ੇਸ਼ਤਾਵਾਂ ਵਾਲੀ, ਸਾਂਝੀ ਪਛਾਣ, ਵਿਰਸਾ, ਬੰਸਾਵਲੀ ਜਾਂ ਇਤਹਾਸਿਕ ਪਿਛੋਕੜ ਹੁੰਦਾ ਹੈ।

3. ਕੀ ਤੁਸੀਂ ਆਪਣੇ ਆਪ ਨੂੰ ਕੈਨੇਡੀਅਨ ਸਮਝਦੇ ਹੋ?
   - ਹਾਂ
   - ਨਹੀਂ
   - ਪੱਕਾ ਪਤਾ ਨਹੀਂ

ਤੁਹਾਡਾ ਜਾਤੀ ਜਾਂ ਸਭਿਆਚਾਰਕ  ਮੂਲ ਕਿਹੜਾ ਹੈ? ਸਾਰੇ ਲਾਗੂ ਜਾਤੀ ਜਾਂ ਸਭਿਆਚਾਰਕ ਮੂਲ ਦੱਸੋ।

- ❑ ਅਨੀਸ਼ੀਨਾਬੇ
- ❑ ਕੈਨੇਡੀਅਨ
- ❑ ਚੀਨੀ
- ❑ ਕੋਲੰਬੀਅਨ
- ❑ ਕ੍ਰੀ
- ❑ ਡੱਚ
- ❑ ਈਸਟ ਇੰਡੀਅਨ
- ❑ ਇੰਗਲਿਸ਼
- ❑ ਫ੍ਰੈਂਚ
- ❑ ਫਿਲੀਪੀਨੋ
- ❑ ਜਰਮਨ
- ❑ ਗੁਆਨੀ
- ❑ ਹੁਡੇਨੋਸ਼ੋਨੀ
- ❑ ਇਨਯੂਇਟ
- ❑ ਇਰਾਨੀ
- ❑ ਆਇਰਿਸ਼
- ❑ ਇਤਾਲਵੀ
- ❑ ਜਮਾਇਕਨ
- ❑ ਯਹੂਦੀ
- ❑ ਕੋਰੀਅਨ
- ❑ ਲੇਬਨਾਨੀ
- ❑ ਮੈਟਿਸ
- ❑ ਮਾਈਕਮਕ
- ❑ ਓਜੀਬਵੇ
- ❑ ਪਾਕਿਸਤਾਨੀ
- ❑ ਪੋਲਿਸ਼
- ❑ ਪੁਰਤਗਾਲੀ
- ❑ ਸਕਾਟਿਸ਼
- ❑ ਸੋਮਾਲੀ
- ❑ ਸ੍ਰੀਲੰਕਾ,
- ❑ ਯੂਕ੍ਰੇਨਿਅਨ
- ❑ ਜਾਤੀ ਜਾਂ ਸਭਿਆਚਾਰਕ ਮੂਲ ਉੱਪਰ ਸੂਚੀ ਵਿੱਚ ਨਹੀਂ ਹੈ (ਕਿਰਪਾ ਕਰਕੇ ਵੇਰਵਾ ਦਿਓ):______

## ਨਸਲ

ਨਸਲ ਕੀ ਹੈ?

ਇਸ ਆਧਾਰ 'ਤੇ ਕਿ ਲੋਕ ਕਿਸੇ ਵਿਅਕਤੀ ਨੂੰ ਕਿਸ ਤਰੀਕੇ ਨਾਲ ਦੇਖਦੇ ਹਨ ਅਤੇ ਉਸ ਨਾਲ ਵਿਵਹਾਰ ਕਰਦੇ ਹਨ, ਉਸ ਵਿਅਕਤੀ ਨੂੰ ਕਿਸੇ ਖਾਸ "ਨਸਲ" ਦਾ ਆਖਿਆ ਜਾਂਦਾ ਹੈ। ਇਹ ਵਿਚਾਰ ਕਿ ਕੋਈ ਵਿਅਕਤੀ ਕਿਹੜੀ "ਨਸਲ" ਦਾ ਹੈ, ਆਮ ਤੌਰ ਤੇ ਕੁਝ ਸਰੀਰਕ ਵਿਸ਼ੇਸ਼ਤਾਵਾਂ, ਜਿਵੇਂ ਚਮੜੀ ਦਾ ਰੰਗ, 'ਤੇ ਅਧਾਰਤ ਹੁੰਦਾ ਹੈ। ਨਸਲ ਦੇ ਬਾਰੇ ਵਿਚਾਰ ਅਕਸਰ ਲੋਕਾਂ ਵੱਲੋਂ ਦੂਜਿਆਂ ਤੇ ਅਜਿਹੇ ਤਰੀਕਿਆਂ ਨਾਲ ਮੜ੍ਹੇ ਜਾਂਦੇ ਹਨ ਜੋ ਉਹਨਾਂ ਦੇ ਜੀਵਨ ਦੇ ਤਜਰਬਿਆਂ ਨੂੰ ਅਤੇ ਉਹਨਾਂ ਨੂੰ ਮਿਲਣ ਵਾਲੇ ਵਿਵਹਾਰ ਨੂੰ ਪ੍ਰਭਾਵਿਤ ਕਰ ਸਕਦੇ ਹਨ। ਨਸਲ ਅਤੇ ਜਾਤੀ ਦੇ ਵਿਚਕਾਰ ਅੰਤਰ ਨੂੰ ਅਕਸਰ ਨਹੀਂ ਸਮਝਿਆ ਜਾਂਦਾ ਜਦ ਕਿ ਇੱਕੋ ਨਸਲੀ ਸਮੂਹ ਵਿੱਚ ਕਈ ਜਾਤੀਆਂ ਹੋ ਸਕਦੀਆਂ ਹਨ।

੫. ਸਾਡੇ ਸਮਾਜ ਵਿੱਚ ਅਕਸਰ ਲੋਕਾਂ ਦਾ ਵਰਨਣ ਉਹਨਾਂ ਦੀ ਨਸਲ ਜਾਂ ਨਸਲੀ ਪਿਛੋਕੜ ਰਾਹੀਂ ਕੀਤਾ ਜਾਂਦਾ ਹੈ। ਤੁਹਾਡਾ ਸਭ ਤੋਂ ਚੰਗਾ ਵਰਨਨਣ ਕਿਹੜੇ ਨਸਲੀ ਸਮੂਹ ਕਰਦੇ ਹਨ? ਸਾਰੇ ਲਾਗੂ ਜਵਾਬਾਂ ਤੇ ਸਹੀ ਲਗਾਉ।

| | |
|---|---|
| ☐ ਕਾਲਾ | (ਅਫਰੀਕੀ, ਅਫਰੀਕੀ-ਕੈਰੀਬਿਅਨ, ਅਫਰੀਕੀ-ਕੈਨੇਡੀਅਨ ਮੂਲ) |
| ☐ ਪੂਰਬੀ ਏਸ਼ੀਆਈ | (ਚੀਨੀ, ਕੋਰੀਅਨ, ਜਾਪਾਨੀ, ਤਾਇਵਾਨੀ ਮੂਲ) |
| ☐ ਮੂਲ ਵਾਸੀ | (ਫਸਟ ਨੇਸ਼ਨਜ਼, ਮੈਟਿਸ, ਇਨਯੂਇਟ ਮੂਲ) |
| ☐ ਲਾਤੀਨੋ/ਲੈਟੀਨਾ/ਲੈਟਿੰਕਸ | (ਲੈਟਿਨ ਅਮਰੀਕੀ, ਹਿਸਪਾਨਿਕ ਮੂਲ) |
| ☐ ਮੱਧ ਪੂਰਬੀ | (ਅਰਬ, ਇਰਾਨੀ, ਪੱਛਮ ਏਸ਼ੀਆਈ ਮੂਲ ਜਿਵੇਂ, ਅਫ਼ਗਾਨੀ, ਮਿਸਰੀ, ਇਰਾਨੀ, ਲੇਬਨੀਜ਼, ਤੁਰਕ, ਕੁਰਦ ਆਦਿ) |
| ☐ ਦੱਖਣ ਏਸ਼ੀਆਈ | (ਦੱਖਣ ਏਸ਼ੀਆਈ ਮੂਲ, ਜਿਵੇਂ ਈਸਟ ਇੰਡੀਅਨ, ਪਾਕਿਸਤਾਨੀ, ਬੰਗਲਾਦੇਸ਼ੀ, ਸ੍ਰੀਲੰਕਾ ਵਾਸੀ, ਇੰਡੋ-ਕੈਰੀਬਿਅਨ, ਆਦਿ) |
| ☐ ਦੱਖਣ-ਪੂਰਬੀ ਏਸ਼ੀਆਈ | (ਫਿਲੀਪੀਨੋ, ਵਿਅਤਨਾਮੀ, ਕੈਂਬੋਡੀਅਨ, ਥਾਈ, ਇੰਡੋਨੇਸ਼ੀਅਨ, ਦੂਜੇ ਦੱਖਣ-ਪੂਰਬੀ ਏਸ਼ੀਆਈ ਮੂਲ) |
| ☐ ਗੋਰਾ | (ਯੂਰਪੀ ਮੂਲ) |
| ☐ ਉਹ ਨਸਲੀ ਸਮੂਹ ਉੱਪਰ ਸੂਚੀ ਵਿੱਚ ਨਹੀਂ ਹੈ (ਕਿਰਪਾ ਕਰਕੇ ਵੇਰਵਾ ਦਿਓ) :___________ | |

## ਧਰਮ ਜਾਂ ਰੂਹਾਨੀ ਸਬੰਧ

ਲੋਕਾਂ ਦੇ ਨਾਲ ਉਹਨਾਂ ਦੇ ਧਰਮ ਜਾਂ ਕਥਿਤ ਧਰਮ ਦੇ ਅਧਾਰ 'ਤੇ ਵੱਖੋ ਵੱਖਰਾ ਵਿਵਹਾਰ ਕੀਤਾ ਜਾ ਸਕਦਾ ਹੈ ਜਿਸਦੇ ਕਾਰਨ ਮਾੜੇ ਪ੍ਰਭਾਵ ਅਤੇ ਅਸਮਾਨ ਪਰਿਣਾਮ ਹੋ ਸਕਦੇ ਹਨ। ਇਸਲਾਮੋਫੋਬਿਆ ਅਤੇ ਐਂਟੀਸੇਮੀਟਿਜ਼ਮ ਇਸ ਗੱਲ ਦੀ ਮਿਸਾਲ ਹਨ ਕਿ ਕਿਵੇਂ ਧਰਮ ਦਾ ਨਸਲੀਕਰਣ ਕੀਤਾ ਜਾ ਸਕਦਾ ਹੈ। ਲੋਕੀ ਨਸਲਵਾਦ ਦੇ ਹਮਲੇ ਦਾ ਨਿਸ਼ਾਨਾ ਨਾ ਸਿਰਫ ਚਮੜੀ ਦੇ ਰੰਗ ਦੇ ਕਾਰਨ ਬਲਕਿ ਉਹਨਾਂ ਵਿਸ਼ੇਸ਼ਤਾਵਾਂ ਦੇ ਅਧਾਰ 'ਤੇ ਵੀ ਬਣ ਸਕਦੇ ਹਨ ਜੋ ਧਰਮ ਦੇ ਨਾਲ ਜੁੜੀਆਂ ਹੁੰਦੀਆਂ ਹਨ।

5. ਤੁਹਾਡਾ ਧਰਮ ਅਤੇ/ਜਾਂ ਰੂਹਾਨੀ ਸਬੰਧ ਕਿਸ ਨਾਲ ਹੈ? ਸਾਰੇ ਲਾਗੂ ਜਵਾਬਾਂ ਤੇ ਸਹੀ ਲਗਾਉ।

- ❑ ਅਗੇਯਵਾਦੀ
- ❑ ਨਾਸਤਿਕ
- ❑ ਬੋਧੀ
- ❑ ਈਸਾਈ
- ❑ ਹਿੰਦੂ
- ❑ ਸਥਾਨਕ ਰੂਹਾਨੀਅਤ
- ❑ ਯਹੂਦੀ
- ❑ ਮੁਸਲਿਮ
- ❑ ਸਿੱਖ
- ❑ ਰੂਹਾਨੀ, ਪਰ ਧਾਰਮਿਕ ਨਹੀ
- ❑ ਕੋਈ ਧਾਰਮਿਕ ਜਾਂ ਰੂਹਾਨੀ ਸਬੰਧ ਨਹੀਂ
- ❑ ਧਾਰਮਿਕ ਜਾਂ ਰੂਹਾਨੀ ਸਬੰਧ ਜੋ ਉਪਰਲੀ ਸੂਚੀ ਵਿੱਚ ਸ਼ਾਮਿਲ ਨਹੀਂ ਹੈ (ਕਿਰਪਾ ਕਰਕੇ ਵੇਰਵਾ ਦਿਓ):
- ❑ ਪੱਕਾ ਪਤਾ ਨਹੀਂ
- ❑ ਮੈਨੂੰ ਇਹ ਸਵਾਲ ਸਮਝ ਨਹੀਂ ਆਇਆ

ਅਗੇਯਵਾਦੀ: ਅਜਿਹਾ ਵਿਅਕਤੀ ਜਿਸਨੂੰ ਪੱਕਾ ਵਿਸ਼ਵਾਸ ਨਹੀਂ ਹੈ ਕਿ ਕੋਈ ਰੱਬ ਜਾਂ ਉਪਰਲੀ ਸ਼ਕਤੀ ਹੈ ਜਾਂ ਨਹੀ।

ਨਾਸਤਿਕ: ਅਜਿਹਾ ਵਿਅਕਤੀ ਜਿਸਦਾ ਵਿਸ਼ਵਾਸ ਹੈ ਕਿ ਕਿਸੇ ਰੱਬ ਜਾਂ ਉਪਰਲੀ ਸ਼ਕਤੀ ਦਾ ਵਜੂਦ ਨਹੀਂ ਹੈ।

## ਲਿੰਗ ਪਛਾਣ (Gender Identity)

ਲਿੰਗ ਪਛਾਣ ਕੀ ਹੈ?

ਲਿੰਗ ਦੀ ਪਛਾਣ ਦਾ ਭਾਵ ਕਿਸੇ ਵਿਅਕਤੀ ਦੇ ਅੰਦਰੂਨੀ ਅਹਿਸਾਸ ਤੋਂ ਹੈ ਜਿਸ ਕਰਕੇ ਉਹ ਖੁਦ ਨੂੰ ਔਰਤ, ਮਰਦ, ਦੋਨੋਂ, ਦੋਨਾਂ ਵਿਚੋਂ ਕੋਈ ਵੀ ਨਹੀਂ, ਜਾਂ ਲਿੰਗ ਦੇ ਪੈਮਾਨੇ 'ਤੇ ਕਿਧਰੇ ਵੀ ਮਹਿਸੂਸ ਕਰਦਾ ਹੈ, ਜੋ ਉਸ ਵਿਅਕਤੀ ਨੂੰ ਜਨਮ ਦੇ ਸਮੇਂ ਮਨੋਨੀਤ ਕੀਤਾ ਗਿਆ ਲਿੰਗ (ਜਿਵੇਂ, ਪੁਰਸ਼, ਔਰਤ, ਇੰਟਰਸੈਕਸ) ਹੋ ਵੀ ਸਕਦਾ ਹੈ ਅਤੇ ਨਹੀਂ ਵੀ ਹੋ ਸਕਦਾ। ਇਹ ਪਛਾਣ ਜਿਨਸੀ ਰੁਝਾਨ (sexual orientation) ਤੋਂ ਵੱਖ ਹੈ ਅਤੇ ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਨੂੰ ਨਿਰਧਾਰਤ ਨਹੀਂ ਕਰਦੀ।

6. ਤੁਹਾਡੀ ਲਿੰਗ ਦੀ ਪਛਾਣ ਕੀ ਹੈ? ਸਾਰੇ ਲਾਗੂ ਜਵਾਬਾਂ 'ਤੇ ਸਹੀ ਲਗਾਉ।

- ❑ ਲੜਕਾ/ਪੁਰਸ਼
- ❑ ਲਿੰਗ ਪਰਿਵਰਤਨਸ਼ੀਲ
- ❑ ਲਿੰਗ ਗੈਰ-ਅਨੁਰੂਪ
- ❑ ਲੜਕੀ/ਔਰਤ
- ❑ ਗੈਰ-ਦੋ-ਆਧਾਰੀ
- ❑ ਪ੍ਰਸ਼ਨਾਤਮਕ
- ❑ ਟ੍ਰਾਂਸ ਲੜਕਾ ਜਾਂ ਪੁਰਸ਼
- ❑ ਟ੍ਰਾਂਸ ਲੜਕੀ ਜਾਂ ਔਰਤ
- ❑ ਦੋ ਰੂਹ ਵਾਲਾ
- ❑ ਲਿੰਗ ਦੀ ਪਛਾਣ ਜੋ ਉਪਰਲੀ ਸੂਚੀ ਵਿੱਚ ਮੌਜੂਦ ਨਹੀਂ ਹੈ (ਕਿਰਪਾ ਕਰਕੇ ਵੇਰਵਾ ਦਿਓ):
- ❑ ਪੱਕਾ ਪਤਾ ਨਹੀਂ
- ❑ ਮੈਨੂੰ ਇਹ ਸਵਾਲ ਸਮਝ ਨਹੀਂ ਆਇਆ
- ❑ ਮੈਂ ਜਵਾਬ ਨਾ ਦੇਣਾ ਚਾਹਾਂਗਾ(ਗੀ)

ਲਿੰਗ ਪਰਿਵਰਤਨਸ਼ੀਲ: ਅਜਿਹਾ ਵਿਅਕਤੀ ਜਿਸਦੇ ਅਹਿਸਾਸ ਕਦੇ ਕਦੇ ਬਦਲਦੇ ਹਨ ਅਤੇ ਉਹ ਖੁਦ ਨੂੰ ਲੜਕਾ, ਕਦੇ ਲੜਕੀ ਜਾਂ ਕਦੇ ਕੁਝ ਹੋਰ ਮਹਿਸੂਸ ਕਰਦਾ ਹੈ।

ਲਿੰਗ ਗੈਰ-ਅਨੁਰੂਪ (Gender Nonconforming): ਅਜਿਹਾ ਵਿਅਕਤੀ ਜੋ ਲੜਕੇ ਜਾਂ ਲੜਕੀ ਵਾਂਗ ਵਿਵਹਾਰ ਨਾ ਕਰਨਾ ਚਾਹੁੰਦਾ ਹੋਵੇ।

ਗੈਰ-ਦੋ-ਆਧਾਰੀ: ਅਜਿਹਾ ਵਿਅਕਤੀ ਜੋ ਲੜਕੇ ਜਾਂ ਲੜਕੀ ਵਰਗਾ ਨਾ ਮਹਿਸੂਸ ਕਰਦਾ ਹੋਵੇ।

ਪ੍ਰਸ਼ਨਾਤਮਕ: ਅਜਿਹਾ ਵਿਅਕਤੀ ਜਿਸ ਨੂੰ ਪੱਕਾ ਪਤਾ ਨਾ ਹੋਵੇ ਕਿ ਉਹ ਲੜਕਾ ਹੈ ਜਾਂ ਲੜਕੀ, ਜਾਂ ਕੋਈ ਹੋਰ।

ਟ੍ਰਾਂਸ ਲੜਕਾ ਜਾਂ ਪੁਰਸ਼: ਅਜਿਹਾ ਵਿਅਕਤੀ ਜੋ ਲੜਕੀ ਦੇ ਤੌਰ ਤੇ ਜੰਮਿਆ ਹੋਵੇ ਪਰ ਲੜਕੇ/ਪੁਰਸ਼ ਦੇ ਤੌਰ ਤੇ ਰਹਿੰਦਾ ਹੋਵੇ।

ਟ੍ਰਾਂਸ ਲੜਕੀ ਜਾਂ ਔਰਤ: ਅਜਿਹਾ ਵਿਅਕਤੀ ਜੋ ਲੜਕੇ ਦੇ ਤੌਰ ਤੇ ਜੰਮਿਆ ਹੋਵੇ ਪਰ ਲੜਕੀ/ਔਰਤ ਦੇ ਤੌਰ ਤੇ ਰਹਿੰਦਾ ਹੋਵੇ।

ਦੋ ਰੂਹ ਵਾਲਾ: ਇੱਕ ਸਥਾਨਕ ਮੂਲ ਵਾਸੀ ਜਿਸ ਦੇ ਲਿੰਗ ਦੇ ਅਹਿਸਾਸ, ਰੂਹਾਨੀ ਅਹਿਸਾਸ ਜਾਂ ਆਕਰਸ਼ਣ ਵਿੱਚ ਪੁਰਸ਼, ਔਰਤ ਜਾਂ ਗੈਰ-ਦੋ-ਆਧਾਰੀ ਅਹਿਸਾਸ ਸ਼ਾਮਿਲ ਹਨ।

## ਜਿਨਸੀ ਰੁਝਾਨ (Sexual Orientation)

ਜਿਨਸੀ ਰੁਝਾਨ ਕੀ ਹੈ?
ਜਿਨਸੀ ਰੁਝਾਨ ਕਿਸੇ ਵਿਅਕਤੀ ਦੇ ਆਪਣੇ ਵਰਗੇ ਲਿੰਗ ਜਾਂ ਵੱਖਰੇ ਲਿੰਗ ਵਾਲੇ ਲੋਕਾਂ ਦੀ ਤਰਫ ਜਿਨਸੀ ਆਕਰਸ਼ਣ ਵਾਲੇ ਅਹਿਸਾਸ ਵੱਲ ਇਸ਼ਾਰਾ ਕਰਦਾ ਹੈ।

7. ਤੁਹਾਡਾ ਜਿਨਸੀ ਰੁਝਾਨ ਕੀ ਹੈ? ਸਾਰੇ ਲਾਗੂ ਜਵਾਬਾਂ ਤੇ ਸਹੀ ਲਗਾਉ।

- ❑ ਸਿੱਧਾ/ਭਿੰਨ ਲਿੰਗੀ
- ❑ ਸਮਲਿੰਗੀ ਲੜਕੀ
- ❑ ਸਮਲਿੰਗੀ ਲੜਕਾ
- ❑ ਦੁਲਿੰਗੀ
- ❑ ਦੋ ਰੂਹ ਵਾਲਾ
- ❑ ਅਜੀਬ
- ❑ ਪ੍ਰਸ਼ਨਾਤਮਕ
- ❑ ਨਿਰਲਿੰਗ
- ❑ ਸਰਬ ਲਿੰਗੀ
- ❑ ਜਿਨਸੀ ਰੁਝਾਨ ਉਪਰਲੀ ਸੂਚੀ ਵਿੱਚ ਨਹੀਂ ਹੈ (ਕਿਰਪਾ ਕਰਕੇ ਵੇਰਵਾ ਦਿਓ):
- ❑ ਪੱਕਾ ਪਤਾ ਨਹੀਂ
- ❑ ਮੈਨੂੰ ਇਹ ਸਵਾਲ ਸਮਝ ਨਹੀਂ ਆਇਆ
- ❑ ਮੈਂ ਜਵਾਬ ਨਾ ਦੇਣਾ ਚਾਹਾਂਗਾ(ਗੀ)

ਸਿੱਧਾ/ਭਿੰਨ ਲਿੰਗੀ: ਅਜਿਹਾ ਵਿਅਕਤੀ ਜੋ ਭਿੰਨ ਲਿੰਗ ਵਾਲੇ ਵਿਅਕਤੀ ਵੱਲ ਆਕਰਸ਼ਤ ਹੁੰਦਾ ਹੈ; ਇੱਕ ਲੜਕਾ ਜੋ ਇੱਕ ਲੜਕੀ ਵੱਲ ਆਕਰਸ਼ਤ ਹੁੰਦਾ ਹੈ ਅਤੇ ਇੱਕ ਲੜਕੀ ਜੋ ਇੱਕ ਲੜਕੇ ਵੱਲ ਆਕਰਸ਼ਤ ਹੁੰਦੀ ਹੈ।

ਸਮਲਿੰਗੀ ਲੜਕੀ (Lesbian): ਇੱਕ ਲੜਕੀ ਜੋ ਲੜਕੀਆਂ ਵੱਲ ਆਕਰਸ਼ਤ ਹੁੰਦੀ ਹੈ।

ਸਮਲਿੰਗੀ ਲੜਕਾ (Gay): ਇੱਕ ਲੜਕਾ ਜੋ ਲੜਕਿਆਂ ਵੱਲ ਆਕਰਸ਼ਤ ਹੁੰਦਾ ਹੈ।

ਦੁਲਿੰਗੀ: ਅਜਿਹਾ ਵਿਅਕਤੀ ਜੋ ਲੜਕਿਆਂ ਅਤੇ ਲੜਕੀਆਂ ਦੋਨਾਂ ਵੱਲ ਆਕਰਸ਼ਤ ਹੁੰਦਾ ਹੈ।

ਦੋ ਰੂਹ ਵਾਲਾ: ਇੱਕ ਸਥਾਨਕ ਮੂਲ ਵਾਸੀ ਜਿਸ ਦੇ ਲਿੰਗ ਦੇ ਅਹਿਸਾਸ, ਰੂਹਾਨੀ ਅਹਿਸਾਸ ਜਾਂ ਆਕਰਸ਼ਣ ਵਿੱਚ ਪੁਰਸ਼, ਔਰਤ ਜਾਂ ਗੈਰ-ਦੋ-ਆਧਾਰੀ ਅਹਿਸਾਸ ਸ਼ਾਮਿਲ ਹਨ।

ਅਜੀਬ (Queer): ਅਜਿਹਾ ਵਿਅਕਤੀ ਜਿਸਦਾ ਆਕਰਸ਼ਣ ਜਾਂ ਲਿੰਗ ਪਛਾਣ ਦੂਜੇ ਲੋਕਾਂ ਤੋਂ ਕਿਸੇ ਤਰੀਕੇ ਨਾਲ ਵੱਖਰੀ ਹੁੰਦੀ ਹੈ।

ਪ੍ਰਸ਼ਨਾਤਮਕ: ਅਜਿਹਾ ਵਿਅਕਤੀ ਜਿਸ ਨੂੰ ਆਪਣੇ ਜਿਨਸੀ ਆਕਰਸ਼ਣ ਬਾਰੇ ਪੱਕਾ ਪਤਾ ਨਾ ਹੋਵੇ।

ਨਿਰਲਿੰਗ (Asexual): ਅਜਿਹਾ ਵਿਅਕਤੀ ਜੋ ਕਿਸੇ ਵੱਲ ਆਕਰਸ਼ਣ ਮਹਿਸੂਸ ਨਾ ਕਰਦਾ ਹੋਵੇ।

ਸਰਬ ਲਿੰਗੀ: ਅਜਿਹਾ ਵਿਅਕਤੀ ਜੋ ਸਾਰੇ ਲਿੰਗਾਂ ਵੱਲ ਆਕਰਸ਼ਤ ਹੁੰਦਾ ਹੈ।

## ਅਸਮਰਥਤਾ

ਅਸਮਰਥਤਾ ਕੀ ਹੈ?

ਅਸਮਰਥਤਾ ਸਰੀਰਕ, ਮਾਨਸਿਕ, ਵਿਵਹਾਰਕ, ਵਿਕਾਸਾਤਮਕ, ਸੰਵੇਦੀ, ਸੰਚਾਰੀ ਜਾਂ ਇਹਨਾਂ ਵਿਚੋਂ ਕੁਝ ਦਾ ਜੋੜ ਹੋ ਸਕਦਾ ਹੈ। ਇਹੋ ਜਿਹੀਆਂ ਰੁਕਾਵਟਾਂ ਜੋ ਮੰਜ਼ਲ (ਜਿਵੇਂ, ਸਕੂਲ, ਦੁਕਾਨਾਂ ਜਾਂ ਜਨਤਕ ਥਾਂਵਾਂ) ਤਕ ਪਹੁੰਚਣਾ ਕਠਨ ਬਣਾਉਂਦੀਆਂ ਹਨ, ਨਕਾਰਾਤਮਕ ਰਵੱਈਏ ਅਤੇ ਜਾਣਕਾਰੀ ਦੇ ਰਸਤੇ ਵਿੱਚ ਰੁਕਾਵਟਾਂ ਕਿਸੇ ਵਿਅਕਤੀ ਦੇ ਅਸਮਰਥਤਾ ਦੇ ਤਜਰਬੇ ਵਿੱਚ ਯੋਗਦਾਨ ਕਰਦੀਆਂ ਹਨ।

ਕੁਝ ਲੋਕ ਅਜਿਹੀ ਲੰਮੇ ਅਰਸੇ ਦੀ ਬਿਮਾਰੀ ਨੂੰ ਵੀ ਅਸਮਰਥਤਾ ਮੰਨਦੇ ਹਨ ਜਿਸਦੇ ਕਾਰਨ ਉਹਨਾਂ ਨੂੰ ਅਜਿਹੇ ਮਾਹੌਲ ਵਿੱਚ ਕੰਮ ਕਰਨਾ ਮੁਸ਼ਕਲ ਹੋ ਜਾਂਦਾ ਹੈ ਜੋ ਪੂਰੀ ਤਰ੍ਹਾਂ ਸਮਾਵੇਸ਼ੀ ਅਤੇ ਪਹੁੰਚਣ ਯੋਗ ਨਾ ਹੋਵੇ। ਕਿਸੇ ਵਿਅਕਤੀ ਦੀ ਅਸਮਰਥਤਾ ਦਾ ਇਲਾਜ ਹੋਇਆ ਹੋ ਸਕਦਾ ਹੈ ਅਤੇ ਕੁਝ ਦਾ ਨਹੀਂ ਵੀ ਹੋਇਆ ਹੋ ਸਕਦਾ। ਅਸਮਰਥਤਾ ਛੁਪੀ ਹੋਈ ਵੀ ਹੋ ਸਕਦੀ ਹੈ ਅਤੇ ਨਜ਼ਰ ਆਉਣ ਵਾਲੀ ਹੋ ਸਕਦੀ ਹੈ। ਅਸਮਰਥਤਾ ਵਾਲੇ ਕੁਝ ਵਿਦਿਆਰਥੀਆਂ ਦੀ ਮਦਦ ਲਈ ਸਕੂਲ ਵਿੱਚ ਇੱਕ ਵਿਸ਼ੇਸ਼ ਯੋਜਨਾ (ਵਿਅਕਤੀਗਤ ਸਿੱਖਿਆ ਯੋਜਨਾ ਜਾਂ IEP) ਹੋ ਸਕਦੀ ਹੈ ਪਰ ਕੁਝ ਵਿਦਿਆਰਥੀਆਂ ਕੋਲ ਅਜਿਹੀ ਯੋਜਨਾ ਨਹੀਂ ਹੁੰਦੀ।

8. ਕੀ ਤੁਸੀਂ ਆਪਣੇ ਆਪ ਨੂੰ ਅਸਮਰਥਤਾ ਵਾਲੇ ਵਿਅਕਤੀ ਸਮਝਦੇ ਹੋ? (ਸਿਰਫ ਇੱਕ ਜਵਾਬ ਦੀ ਚੋਣ ਕਰੋ )
   - ❑ ਹਾਂ
   - ❑ ਨਹੀਂ
   - ❑ ਪੱਕਾ ਪਤਾ ਨਹੀਂ
   - ❑ ਮੈਨੂੰ ਇਹ ਸਵਾਲ ਸਮਝ ਨਹੀਂ ਆਇਆ
   - ❑ ਮੈਂ ਜਵਾਬ ਨਾ ਦੇਣਾ ਚਾਹਾਂਗਾ(ਗੀ)

9. ਜੇ ਹਾਂ, ਤਾਂ ਸਾਰੇ ਲਾਗੂ ਜਵਾਬਾਂ ਤੇ ਸਹੀ ਲਗਾਉ।
   - ❑ ਨਸ਼ੇ ਦੀਆਂ ਆਦਤਾਂ
   - ❑ ਔਟਿਜ਼ਮ ਸਪੈਕਟ੍ਰਮ ਵਿਕਾਰ
   - ❑ ਅੰਨ੍ਹਾ ਹੋਣਾ ਜਾਂ ਘਟ ਨਜ਼ਰ ਆਉਣਾ
   - ❑ ਬਹਿਰਾ ਹੋਣਾ ਜਾਂ ਘੱਟ ਸੁਣਾਈ ਪੈਣਾ
   - ❑ ਵਿਕਾਸਾਤਮਕ ਅਸਮਰਥਤਾਵਾਂ
   - ❑ ਸਿੱਖਣ ਸਬੰਧੀ ਅਸਮਰਥਤਾਵਾਂ
   - ❑ ਮਾਨਸਿਕ ਸਿਹਤ ਸਬੰਧੀ ਅਸਮਰਥਤਾਵਾਂ
   - ❑ ਗਤੀਸ਼ੀਲਤਾ
   - ❑ ਦਰਦ
   - ❑ ਸਰੀਰਕ ਅਸਮਰਥਤਾਵਾਂ
   - ❑ ਬੋਲੀ ਦੇ ਵਿਕਾਰ
   - ❑ ਕੋਈ ਅਸਮਰਥਤਾ ਜੋ ਉਪਰਲੀ ਸੂਚੀ ਵਿੱਚ ਨਹੀਂ ਹਨ (ਕਿਰਪਾ ਕਰਕੇ ਵੇਰਵਾ ਦਿਓ):

## ਕੈਨੇਡਾ ਵਿੱਚ ਸਥਿਤੀ

10. ਕੀ ਤੁਹਾਡਾ ਜਨਮ ਕੈਨੇਡਾ ਵਿੱਚ ਹੋਇਆ ਸੀ?

❑ਹਾਂ ❑ਨਹੀਂ

11. ਜੇ ਨਹੀਂ, ਤਾਂ ਕੀ ਤੁਸੀਂ ਵਰਤਮਾਨ ਵਿੱਚ:

- ❑ ਕੈਨੇਡਾ ਦੇ ਨਾਗਰਿਕ ਹੋ
- ❑ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਹੋ (ਜਿਸਨੂੰ ਪੜ੍ਹਾਈ ਦੇ ਪਰਮਿਟ ਰਾਹੀਂ ਦਾਖਲ ਕੀਤਾ ਗਿਆ ਹੈ)
- ❑ ਇੱਕ ਲੈਂਡਿਡ ਇਮੀਗ੍ਰੈਂਟ/ਸਥਾਈ ਵਾਸੀ ਹੋ
- ❑ ਦਾਅਵਾ ਕਰਨ ਵਾਲੇ ਰਿਫਿਊਜੀ ਹੋ
- ❑ ਪੱਕਾ ਪਤਾ ਨਹੀਂ
- ❑ ਮੈਨੂੰ ਇਹ ਸਵਾਲ ਸਮਝ ਨਹੀਂ ਆਇਆ

****ਵਿਦਿਆਰਥੀ ਧਿਆਨ ਦੇਣ: ਜੇ ਤੁਸੀਂ ਕਿਸੇ ਹੋਮਸਟੇ ਵਿੱਚ ਰਹਿ ਰਹੇ ਹੋ ਤਾਂ ਕਿਰਪਾ ਕਰਕੇ ਹੇਠਲੇ ਸਵਾਲਾਂ ਦਾ ਜਵਾਬ ਆਪਣੇ ਮੂਲ ਦੇਸ਼ ਤੋਂ ਆਪਣੇ ਮਾਪਿਆਂ/ਨਿਗਰਾਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਿਓ, ਨਾ ਕਿ ਆਪਣੇ ਹੋਮ ਸਟੇ ਅਤੇ/ਜਾਂ ਕੈਨੇਡਾ ਵਿੱਚ ਸਕੂਲ ਵਿੱਚ ਪੜ੍ਹਾਈ ਦੌਰਾਨ ਨਿਗਰਾਨ ਨੂੰ ***

## ਸਮਾਜਕ ਅਤੇ ਆਰਥਿਕ ਸਥਿਤੀ

12. **ਮਾਤਾ/ਪਿਤਾ/ਨਿਗਰਾਨ 1** ਜਿਸਦੇ ਨਾਲ ਤੁਸੀਂ ਵਰਤਮਾਨ ਵਿੱਚ ਜ਼ਿਆਦਾਤਰ ਸਮਾਂ ਰਹਿੰਦੇ ਹੋ, ਕਿਰਪਾ ਕਰਕੇ ਇਸ ਵਿਅਕਤੀ ਨਾਲ ਆਪਣੇ ਰਿਸ਼ਤੇ 'ਤੇ ਸਹੀ ਲਗਾਉ। (ਸਿਰਫ ਇੱਕ ਜਵਾਬ ਦੀ ਚੋਣ ਕਰੋ )

- ❑ ਮਾਤਾ
- ❑ ਪਿਤਾ
- ❑ ਮਤਰੇਈ ਮਾਂ
- ❑ ਮਤਰੇਆ ਪਿਤਾ
- ❑ ਨਾਨਾ/ਨਾਨੀ/ਦਾਦਾ/ਦਾਦੀ
- ❑ ਰਿਸ਼ਤੇਦਾਰ
- ❑ ਨਿਗਰਾਨ
- ❑ ਪਾਲਕ ਮਾਤਾ/ਪਿਤਾ
- ❑ ਮਿੱਤਰ
- ❑ ਅਜਿਹਾ ਵਿਅਕਤੀ ਜੋ ਉਪਰਲੀ ਸੂਚੀ ਵਿੱਚ ਨਹੀਂ ਹੈ (ਕਿਰਪਾ ਕਰਕੇ ਵੇਰਵਾ ਦਿਓ):
- ❑ ਮੈਂ ਆਪਣੇ ਆਪ ਜੀ ਰਿਹਾ/ਰਹੀ ਹਾਂ

13. ਕਿਰਪਾ ਕਰਕੇ ਇਸ ਵਿਅਕਤੀ ਦੇ ਸਿੱਖਿਆ ਦੇ ਸਭ ਤੋਂ ਉੱਚੇ ਪੱਧਰ ਤੇ ਸਹੀ ਲਗਾਉ (ਸਿਰਫ ਇੱਕ ਜਵਾਬ ਦੀ ਚੋਣ ਕਰੋ )

- ❑ ਕੋਈ ਨਿਯਮਿਤ ਪੜ੍ਹਾਈ ਪੂਰੀ ਨਹੀਂ ਕੀਤੀ
- ❑ ਐਲੀਮੈਂਟਰੀ ਸਕੂਲ
- ❑ ਹਾਈ ਸਕੂਲ
- ❑ ਐਪਰੈਂਟਿਸਸ਼ਿਪ
- ❑ ਕਾਲਿਜ
- ❑ ਯੂਨੀਵਰਸਿਟੀ
- ❑ ਪੱਕਾ ਪਤਾ ਨਹੀਂ

14. ਇਸ ਵਿਅਕਤੀ ਦੀ ਰੁਜ਼ਗਾਰ ਦੀ ਸਥਿਤੀ ਕੀ ਹੈ? (ਸਾਰੇ ਲਾਗੂ ਜਵਾਬਾਂ ਦੀ ਚੋਣ ਕਰੋ)

- ❑ ਫੁੱਲ-ਟਾਈਮ ਕੰਮ ਕਰਦਾ ਹੈ
- ❑ ਪਾਰਟ-ਟਾਈਮ ਕੰਮ ਕਰਦਾ ਹੈ
- ❑ ਸਵੈ-ਰੁਜ਼ਗਾਰ (ਮਿਸਾਲ ਲਈ, ਉਸਦਾ ਆਪਣਾ ਕਾਰੋਬਾਰ ਹੈ)
- ❑ ਕੰਮ ਦੀ ਤਲਾਸ਼ ਕਰ ਰਿਹਾ ਹੈ
- ❑ ਘਰ ਵਿੱਚ ਰਹਿਣ ਵਾਲੀ ਮਾਤਾ/ਪਿਤਾ/ਨਿਗਰਾਨ ਹੈ
- ❑ ਰਿਟਾਇਰਡ ਹੋ ਚੁਕਿਆ ਹੈ
- ❑ ਪੱਕਾ ਪਤਾ ਨਹੀਂ

15. ਇਸ ਵਿਅਕਤੀ ਦਾ ਕੰਮ ਜਾਂ ਪੇਸ਼ਾ ਕੀ ਹੈ?

______________________________

- ❑ ਪੱਕਾ ਪਤਾ ਨਹੀਂ

ਜੇ ਤੁਸੀਂ ਇਕੱਲੇ ਮਾਤਾ/ਪਿਤਾ ਜਾਂ ਨਿਗਰਾਨ ਨਾਲ ਰਹਿ ਰਹੇ ਹੋ ਤਾਂ ਇਸ ਭਾਗ ਨੂੰ ਛੱਡ ਦਿਓ।

**16. ਮਾਤਾ/ਪਿਤਾ/ਨਿਗਰਾਨ ੨** ਜਿਸਦੇ ਨਾਲ ਤੁਸੀਂ ਵਰਤਮਾਨ ਵਿੱਚ ਜ਼ਿਆਦਾਤਰ ਸਮਾਂ ਰਹਿੰਦੇ ਹੋ, ਕਿਰਪਾ ਕਰਕੇ ਇਸ ਵਿਅਕਤੀ ਨਾਲ ਆਪਣੇ ਰਿਸ਼ਤੇ 'ਤੇ ਸਹੀ ਲਗਾਉ। (ਸਿਰਫ ਇੱਕ ਜਵਾਬ ਦੀ ਚੋਣ ਕਰੋ )

- ❑ ਮਾਤਾ
- ❑ ਪਿਤਾ
- ❑ ਮਤਰੇਈ ਮਾਂ
- ❑ ਮਤਰੇਆ ਪਿਤਾ
- ❑ ਨਾਨਾ/ਨਾਨੀ/ਦਾਦਾ/ਦਾਦੀ
- ❑ ਰਿਸ਼ਤੇਦਾਰ
- ❑ ਨਿਗਰਾਨ
- ❑ ਪਾਲਕ ਮਾਤਾ/ਪਿਤਾ
- ❑ ਮਿੱਤਰ
- ❑ ਅਜਿਹਾ ਵਿਅਕਤੀ ਜੋ ਉਪਰਲੀ ਸੂਚੀ ਵਿੱਚ ਨਹੀਂ ਹੈ (ਕਿਰਪਾ ਕਰਕੇ ਵੇਰਵਾ ਦਿਓ):
- ❑ ਮੈਂ ਆਪਣੇ ਆਪ ਜੀ ਰਿਹਾ/ਰਹੀ ਹਾਂ

17. ਕਿਰਪਾ ਕਰਕੇ ਇਸ ਵਿਅਕਤੀ ਦੇ ਸਿੱਖਿਆ ਦੇ ਸਭ ਤੋਂ ਉੱਚੇ ਪੱਧਰ ਤੇ ਸਹੀ ਲਗਾਉ (ਸਿਰਫ ਇੱਕ ਜਵਾਬ ਦੀ ਚੋਣ ਕਰੋ )

- ❑ ਕੋਈ ਨਿਯਮਿਤ ਪੜ੍ਹਾਈ ਪੂਰੀ ਨਹੀਂ ਕੀਤੀ
- ❑ ਐਲੀਮੈਂਟਰੀ ਸਕੂਲ
- ❑ ਹਾਈ ਸਕੂਲ
- ❑ ਐਪਰੈਂਟਿਸਸ਼ਿਪ
- ❑ ਕਾਲਿਜ
- ❑ ਯੂਨੀਵਰਸਿਟੀ
- ❑ ਪੱਕਾ ਪਤਾ ਨਹੀਂ

18. ਇਸ ਵਿਅਕਤੀ ਦੀ ਰੁਜ਼ਗਾਰ ਦੀ ਸਥਿਤੀ ਕੀ ਹੈ? (ਸਾਰੇ ਲਾਗੂ ਜਵਾਬਾਂ ਦੀ ਚੋਣ ਕਰੋ)

❑ ਫੁੱਲ-ਟਾਈਮ ਕੰਮ ਕਰਦਾ ਹੈ
❑ ਪਾਰਟ-ਟਾਈਮ ਕੰਮ ਕਰਦਾ ਹੈ
❑ ਸਵੈ-ਰੁਜ਼ਗਾਰ (ਮਿਸਾਲ ਲਈ, ਉਸਦਾ ਆਪਣਾ ਕਾਰੋਬਾਰ ਹੈ)
❑ ਕੰਮ ਦੀ ਤਲਾਸ਼ ਕਰ ਰਿਹਾ ਹੈ
❑ ਘਰ ਵਿੱਚ ਰਹਿਣ ਵਾਲੀ ਮਾਤਾ/ਪਿਤਾ/ਨਿਗਰਾਨ ਹੈ
❑ ਰਿਟਾਇਰਡ ਹੋ ਚੁਕਿਆ ਹੈ
❑ ਪੱਕਾ ਪਤਾ ਨਹੀਂ

19. ਇਸ ਵਿਅਕਤੀ ਦਾ ਕੰਮ ਜਾਂ ਪੇਸ਼ਾ ਕੀ ਹੈ?

______________________________

❑ ਪੱਕਾ ਪਤਾ ਨਹੀਂ

## ਰਿਸ਼ਤੇ

**20. ਤੁਹਾਡੇ ਵਿਚਾਰ ਵਿੱਚ ਤੁਸੀਂ ਹੇਠਲੇ ਬਿਆਨਾਂ ਨਾਲ ਕਿੰਨਾ ਸਹਿਮਤ ਜਾਂ ਅਸਹਿਮਤ ਹੋ?**

| | ਪੂਰੀ ਤਰ੍ਹਾਂ ਅਸਹਿਮਤ | ਅਸਹਿਮਤ | ਸਹਿਮਤ | ਪੂਰੀ ਤਰ੍ਹਾਂ ਸਹਿਮਤ |
|---|---|---|---|---|
| a. ਮੇਰੇ ਸਕੂਲ ਵਿੱਚ ਵੱਡੇ ਲੋਕ ਵਿਦਿਆਰਥੀਆਂ ਨਾਲ ਚੰਗਾ ਵਿਵਹਾਰ ਕਰਦੇ ਹਨ। | ○ | ○ | ○ | ○ |
| b. ਮੇਰੇ ਸਕੂਲ ਵਿੱਚ ਵੱਡੇ ਲੋਕ ਵਿਦਿਆਰਥੀਆਂ ਦੀ ਗੱਲ ਸੁਣਦੇ ਹਨ। | ○ | ○ | ○ | ○ |
| c. ਮੇਰੇ ਸਕੂਲ ਵਿੱਚ ਟੀਚਰ ਵਿਦਿਆਰਥੀਆਂ ਦਾ ਧਿਆਨ ਰੱਖਦੇ ਹਨ। | ○ | ○ | ○ | ○ |
| d. ਜਦੋਂ ਵੀ ਮੈਨੂੰ ਲੋੜ ਹੋਵੇ, ਮੇਰੇ ਟੀਚਰ ਹਮੇਸ਼ਾ ਮੌਜੂਦ ਹੁੰਦੇ ਹਨ। | ○ | ○ | ○ | ○ |
| e. ਮੇਰੇ ਟੀਚਰ ਮੇਰੇ ਨਾਲ ਖੁੱਲ੍ਹ ਕੇ, ਇਮਾਨਦਾਰੀ ਨਾਲ ਗੱਲ ਕਰਦੇ ਹਨ। | ○ | ○ | ○ | ○ |
| f. ਮੇਰੇ ਸਕੂਲ ਵਿੱਚ ਟੀਚਰਾਂ ਨਾਲ ਗੱਲਬਾਤ ਕਰਨ ਵਿੱਚ ਮੈਨੂੰ ਆਨੰਦ ਮਿਲਦਾ ਹੈ। | ○ | ○ | ○ | ○ |
| g. ਮੇਰੇ ਸਕੂਲ ਵਿੱਚ ਜ਼ਿਆਦਾਤਰ ਟੀਚਰ ਮੇਰੇ ਵਿੱਚ ਸਿਰਫ ਇੱਕ ਵਿਦਿਆਰਥੀ ਵਜੋਂ ਨਹੀਂ, ਬਲਕਿ ਇੱਕ ਵਿਅਕਤੀ ਵਜੋਂ ਦਿਲਚਸਪੀ ਲੈਂਦੇ ਹਨ। | ○ | ○ | ○ | ○ |
| h. ਮੇਰੇ ਟੀਚਰਾਂ ਨੂੰ ਮੇਰੇ ਤੋਂ ਵੱਡੀਆਂ ਉਮੀਦਾਂ ਹਨ। | ○ | ○ | ○ | ○ |
| i. ਮੇਰੇ ਟੀਚਰ ਮੇਰੇ 'ਤੇ ਵਿਸ਼ਵਾਸ ਕਰਦੇ ਹਨ। | ○ | ○ | ○ | ○ |

**21. ਤੁਸੀਂ ਹੇਠਲੇ ਬਿਆਨਾਂ ਨਾਲ ਕਿੰਨਾ ਸਹਿਮਤ ਜਾਂ ਅਸਹਿਮਤ ਹੋ?**

| | ਪੂਰੀ ਤਰ੍ਹਾਂ ਅਸਹਿਮਤ | ਅਸਹਿਮਤ | ਸਹਿਮਤ | ਪੂਰੀ ਤਰ੍ਹਾਂ ਸਹਿਮਤ |
|---|---|---|---|---|
| a. ਮੇਰੇ ਸਕੂਲ ਵਿੱਚ ਅਜਿਹੇ ਵਿਦਿਆਰਥੀ ਹਨ ਜੋ ਮੇਰੀ ਪਰਵਾਹ ਕਰਦੇ ਹਨ। | ○ | ○ | ○ | ○ |
| b. ਜਦੋਂ ਵੀ ਮੈਨੂੰ ਲੋੜ ਹੋਵੇ, ਮੇਰੇ ਸਕੂਲ ਦੇ ਵਿਦਿਆਰਥੀ ਹਮੇਸ਼ਾ ਮੌਜੂਦ ਹੁੰਦੇ ਹਨ। | ○ | ○ | ○ | ○ |
| c. ਮੈਂ ਜਿਹੋ ਜਿਹਾ(ਜਿਹੀ) ਵੀ ਹਾਂ, ਮੇਰੇ ਸਕੂਲ ਦੇ ਦੂਜੇ ਵਿਦਿਆਰਥੀ ਮੈਨੂੰ ਪਸੰਦ ਕਰਦੇ ਹਨ। | ○ | ○ | ○ | ○ |
| d. ਮੇਰੇ ਸਕੂਲ ਦੇ ਵਿਦਿਆਰਥੀਆਂ ਦੇ ਨਾਲ ਗੱਲਬਾਤ ਕਰਨ ਵਿੱਚ ਮੈਨੂੰ ਮਜ਼ਾ ਆਉਂਦਾ ਹੈ। | ○ | ○ | ○ | ○ |
| e. ਮੇਰੇ ਸਕੂਲ ਦੇ ਵਿਦਿਆਰਥੀ ਮੇਰੀ ਗੱਲ ਦਾ ਸਤਿਕਾਰ ਕਰਦੇ ਹਨ। | ○ | ○ | ○ | ○ |
| f. ਸਕੂਲ ਵਿੱਚ ਮੇਰੇ ਕੁਝ ਦੋਸਤ ਹਨ। | ○ | ○ | ○ | ○ |

## ਖ਼ੈਰੀਅਤ

**22. ਤੁਹਾਨੂੰ ਕਿੰਨੀ ਵਾਰੀ ਅਜਿਹਾ ਮਹਿਸੂਸ ਹੁੰਦਾ ਹੈ:**

| | ਕਦੇ ਨਹੀਂ | ਕਦੇ ਕਦਾਈਂ | ਕਈ ਵਾਰੀ | ਅਕਸਰ | ਸਾਰਾ ਸਮਾਂ |
|---|---|---|---|---|---|
| a. ਆਪਣੇ ਬਾਰੇ ਚੰਗਾ | ○ | ○ | ○ | ○ | ○ |
| b. ਭਵਿੱਖ ਬਾਰੇ ਆਸਵੰਦ | ○ | ○ | ○ | ○ | ○ |
| c. ਤੁਹਾਨੂੰ ਆਪਣੀ ਦਿੱਖ ਚੰਗੀ ਲਗਣੀ | ○ | ○ | ○ | ○ | ○ |
| d. ਇਕੱਲਾ | ○ | ○ | ○ | ○ | ○ |
| e. ਪਰੇਸ਼ਾਨ ਜਾਂ ਚਿੰਤਤ | ○ | ○ | ○ | ○ | ○ |
| f. ਉਦਾਸ | ○ | ○ | ○ | ○ | ○ |
| g. ਬਿਨਾ ਕਾਰਨ ਥੱਕਿਆ ਹੋਇਆ | ○ | ○ | ○ | ○ | ○ |
| h. ਬਹੁਤ ਜ਼ਿਆਦਾ ਤਣਾਓ ਜਾਂ ਦਬਾਅ ਹੇਠ (ਜਿਵੇਂ, ਤਣਾਉ-ਗ੍ਰਸਤ) | ○ | ○ | ○ | ○ | ○ |

**23. ਕੀ ਤੁਹਾਨੂੰ ਪਤਾ ਹੈ ਕਿ ਤੁਹਾਡੇ ਸਕੂਲ ਕੋਲ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਅਤੇ ਤੰਦਰੁਸਤੀ ਦੇ ਲਈ ਸਹਾਇਤਾ ਉਪਲਬਧ ਹੈ?**

- ○ ਨਹੀਂ
- ○ ਹਾਂ

**24. ਸੋਮਵਾਰ ਤੋਂ ਸ਼ੁੱਕਰਵਾਰ ਤੁਸੀਂ ਆਮ ਤੌਰ 'ਤੇ ਰਾਤ ਨੂੰ ਕਿੰਨੇ ਘੰਟੇ ਸੌਂਦੇ ਹੋ?**

○ 5 ਘੰਟੇ ਤੋਂ ਘੱਟ ○ 5 ਘੰਟੇ ○ 6 ਘੰਟੇ ○ 7 ਘੰਟੇ ○ 8 ਘੰਟੇ ○ 9 ਘੰਟੇ ○ 10 ਘੰਟੇ ○ 11 ਘੰਟੇ ਜਾਂ ਵੱਧ

**25. ਹਫ਼ਤੇ ਵਿੱਚ ਲਗਭਗ ਕਿੰਨੇ ਦਿਨ ਤੁਸੀਂ ਕਸਰਤ ਕਰਦੇ ਹੋ ਜਾਂ ਅਜਿਹੀਆਂ ਖੇਡਾਂ ਵਿੱਚ ਹਿੱਸਾ ਲੈਂਦੇ ਹੋ ਜਿਸ ਨਾਲ ਤੁਹਾਨੂੰ ਪਸੀਨਾ ਆ ਜਾਏ ਅਤੇ ਸਾਹ ਚੜ੍ਹ ਜਾਏ?**

○ ਕਦੇ ਨਹੀ ○ 1-2 ਦਿਨ ○ 3-4 ਦਿਨ ○ 5-6 ਦਿਨ ○ ਹਰ ਰੋਜ਼

**26. ਪਿਛਲੇ ਮਹੀਨੇ ਸਮੁੱਚੇ ਤੌਰ ਤੇ ਮੇਰੀ ਤੰਦਰੁਸਤੀ ਇਹੋ ਜਿਹੀ ਰਹੀ ਹੈ:**

○ ਬਹੁਤ ਵਧੀਆ ○ ਚੰਗੀ ○ ਨਾ ਚੰਗੀ ਨਾ ਖਰਾਬ ○ ਖਰਾਬ ○ ਬਹੁਤ ਖਰਾਬ ○ ਜਵਾਬ ਨਹੀਂ ਦੇਣਾ ਚਾਹਵਾਂਗਾ(ਗੀ)

27. ਜੇ ਤੁਹਾਨੂੰ ਸਕੂਲ ਵਿੱਚ ਕੋਈ ਸਮੱਸਿਆ ਹੋਵੇ (ਜਿਵੇਂ, ਪੜ੍ਹਾਈ, ਗਰੇਡ, ਸਰੀਰਕ ਸਿਹਤ, ਭਾਵਨਾਤਮਕ ਤੰਦਰੁਸਤੀ, ਆਪਸੀ ਸਬੰਧ) ਤਾਂ ਹੇਠਲਿਆਂ ਨਾਲ ਇਸ ਸਮੱਸਿਆ ਬਾਰੇ ਗੱਲਬਾਤ ਕਰਨ ਵਿੱਚ ਤੁਸੀਂ ਕਿੰਨਾ ਸਹਿਜ ਮਹਿਸੂਸ ਕਰੋਗੇ:

| | **ਬਹੁਤ ਅਸਹਿਜ** | **ਅਸਹਿਜ** | **ਸਹਿਜ** | **ਬਹੁਤ ਸਹਿਜ** | **ਪੱਕਾ ਪਤਾ ਨਹੀਂ** |
|---|---|---|---|---|---|
| a. ਕੋਈ ਟੀਚਰ | ○ | ○ | ○ | ○ | ○ |
| b. ਮਾਰਗ ਦਰਸ਼ਕ ਸਲਾਹਕਾਰ (ਸਿਰਫ ਗਰੇਡ ੯-੧੨) | ○ | ○ | ○ | ○ | ○ |
| c. ਪ੍ਰਿੰਸੀਪਲ ਜਾਂ ਵਾਈਸ ਪ੍ਰਿੰਸੀਪਲ | ○ | ○ | ○ | ○ | ○ |
| d. ਸੋਸ਼ਲ ਵਰਕਰ ਅਤੇ/ਜਾਂ ਚਾਇਲਡ ਐਂਡ ਯੂਥ ਵਰਕਰ | ○ | ○ | ○ | ○ | ○ |
| e. ਮਿੱਤਰ | ○ | ○ | ○ | ○ | ○ |
| f. ਸਕੂਲ ਵਿੱਚ ਕੋਈ ਦੂਜਾ ਵੱਡਾ ਵਿਅਕਤੀ (ਜਿਵੇਂ, ਆਫਿਸ ਦਾ ਸਟਾਫ, ਵਿਸ਼ੇਸ਼ ਸਿੱਖਿਆ ਟੀਚਰ ਆਦਿ) | ○ | ○ | ○ | ○ | ○ |
| g. ਮਾਤਾ-ਪਿਤਾ/ਨਿਗਰਾਨ | ○ | ○ | ○ | ○ | ○ |
| h. ਪਰਿਵਾਰ ਦੇ ਦੂਜੇ ਮੈਂਬਰ ਜਾਂ ਰਿਸ਼ਤੇਦਾਰ | ○ | ○ | ○ | ○ | ○ |

**28. ਸਕੂਲ ਦੇ ਇੱਕ ਆਮ ਹਫ਼ਤੇ (ਸੋਮਵਾਰ ਤੋਂ ਸ਼ੁੱਕਰਵਾਰ) ਵਿੱਚ ਕਿੰਨੀ ਵਾਰ ਤੁਸੀਂ:**

| | ਕਦੇ ਨਹੀਂ | 1-2 ਦਿਨ ਪ੍ਰਤੀ ਹਫ਼ਤਾ | 4-5 ਦਿਨ ਪ੍ਰਤੀ ਹਫ਼ਤਾ | ਹਰ ਰੋਜ਼ | ਪੱਕਾ ਪਤਾ ਨਹੀਂ |
|---|---|---|---|---|---|
| a. ਸਕੂਲ ਸ਼ੁਰੂ ਹੋਣ ਤੋਂ ਪਹਿਲਾਂ ਨਾਸ਼ਤਾ ਕਰਦੇ ਹੋ | ○ | ○ | ○ | ○ | ○ |
| b. ਲੰਚ ਕਰਦੇ ਹੋ | ○ | ○ | ○ | ○ | ○ |
| c. ਡਿਨਰ ਕਰਦੇ ਹੋ | ○ | ○ | ○ | ○ | ○ |
| d. ਖਾਣਾ ਘੱਟ ਹੋਣ ਕਾਰਨ ਘਰ ਵਿੱਚ ਭੁੱਖਾ ਮਹਿਸੂਸ ਕਰਦੇ ਹੋ | ○ | ○ | ○ | ○ | ○ |
| e. ਖਾਣਾ ਘੱਟ ਹੋਣ ਕਾਰਨ ਸਕੂਲ ਵਿੱਚ ਭੁੱਖਾ ਮਹਿਸੂਸ ਕਰਦੇ ਹੋ | ○ | ○ | ○ | ○ | ○ |

## ਮਾਪਿਆਂ ਦੀ ਭਾਗੀਦਾਰੀ

**29. ਮੇਰੇ ਮਾਤਾ-ਪਿਤਾ/ਨਿਗਰਾਨ ਜਾਂ ਘਰ ਦੇ ਦੂਜੇ ਲੋਕ:**

| | ਪੂਰੀ ਤਰ੍ਹਾਂ ਅਸਹਿਮਤ | ਅਸਹਿਮਤ | ਸਹਿਮਤ | ਪੂਰੀ ਤਰ੍ਹਾਂ ਸਹਿਮਤ |
|---|---|---|---|---|
| a. ਮੇਰੇ ਸਕੂਲ ਦੇ ਕੰਮ ਵਿੱਚ ਮੇਰੀ ਮਦਦ ਕਰਦੇ ਹਨ। | ○ | ○ | ○ | ○ |
| b. ਮੇਰੇ ਸਕੂਲ ਦੇ ਕੰਮ ਬਾਰੇ ਮੇਰੇ ਨਾਲ ਗੱਲਬਾਤ ਕਰਦੇ ਹਨ। | ○ | ○ | ○ | ○ |
| c. ਮੇਰੇ ਸਕੂਲ ਦੇ ਕੰਮ ਬਾਰੇ ਮੇਰੇ ਕੋਲੋਂ ਸਵਾਲ ਪੁੱਛਦੇ ਹਨ। | ○ | ○ | ○ | ○ |
| d. ਚਾਹੁੰਦੇ ਹਨ ਕਿ ਮੈਂ ਸਕੂਲ ਵਿੱਚ ਮਿਹਨਤ ਕਰਾਂ। | ○ | ○ | ○ | ○ |

## ਪਾਠਕ੍ਰਮ-ਬਾਹਰਾ ਗਤੀਵਿਧੀਆਂ

**30. <u>ਸਕੂਲ ਦੀਆਂ</u> (ਯਾਨੀ <u>ਤੁਹਾਡੇ ਆਮ ਕਲਾਸ ਰੂਮ ਦੇ ਬਾਹਰ</u> ਦੀਆਂ) ਇਹਨਾਂ ਗਤੀਵਿਧੀਆਂ ਵਿੱਚ ਤੁਸੀਂ ਕਿੰਨੀ ਵਾਰ ਹਿੱਸਾ ਲੈਂਦੇ ਹੋ?**

| | ਕਦੇ ਨਹੀਂ | ਸਾਲ ਵਿੱਚ ਕੁਝ ਕੁ ਵਾਰ | ਮਹੀਨੇ ਵਾਰ | ਹਫਤਾਵਾਰ |
|---|---|---|---|---|
| a. ਕਲਾਵਾਂ (ਜਿਵੇਂ, ਕੋਇਰ, ਬੈਂਡ, ਡਰਾਮਾ, ਡਾਂਸ) | ○ | ○ | ○ | ○ |
| b. ਖੇਡਾਂ (ਜਿਵੇਂ, ਬਾਸਕਟ ਬਾਲ, ਟ੍ਰੈਕ ਅਤੇ ਫੀਲਡ ਖੇਡਾਂ) | ○ | ○ | ○ | ○ |
| c. ਸਭਿਆਚਾਰਕ ਗਰੁਪ/ਕਲੱਬ, ਰੂਹਾਨੀ/ਧਾਰਮਿਕ ਗਤੀਵਿਧੀਆਂ | ○ | ○ | ○ | ○ |
| d. ਸਕੂਲ ਫੀਲਡ ਟ੍ਰਿਪ | ○ | ○ | ○ | ○ |
| e. ਸਕੂਲ ਲੀਡਰਸ਼ਿਪ ਗਤੀਵਿਧੀਆਂ (ਜਿਵੇਂ, ਵਿਦਿਆਰਥੀ ਕਾਉਂਸਿਲ, ਵਿਦਿਆਰਥੀ ਪ੍ਰਕਾਸ਼ਨ) | ○ | ○ | ○ | ○ |
| f. ਸਕੂਲ ਕਲੱਬ (ਜਿਵੇਂ, ਸ਼ਤਰੰਜ ਕਲੱਬ, ਈਕੋ ਕਲੱਬ) | ○ | ○ | ○ | ○ |
| g. ਸਕੂਲ ਦੇ ਖਾਸ ਸਮਾਗਮ (ਜਿਵੇਂ, ਡਾਂਸ, ਟੇਲੰਟ ਸ਼ੋ ਆਦਿ) | ○ | ○ | ○ | ○ |

**31. <u>ਸਕੂਲ ਦੇ ਬਾਹਰ</u> ਇਹਨਾਂ ਗਤੀਵਿਧੀਆਂ ਵਿੱਚ ਤੁਸੀਂ ਕਿੰਨੀ ਵਾਰ ਹਿੱਸਾ ਲੈਂਦੇ ਹੋ?**

| | ਕਦੇ | ਸਾਲ ਵਿੱਚ ਕੁਝ | ਮਹੀਨੇ | ਹਫਤਾਵਾਰ |
|---|---|---|---|---|

| | ਨਹੀਂ | ਕੁ ਵਾਰ | ਵਾਰ | |
|---|---|---|---|---|
| h. ਕਲਾਵਾਂ (ਜਿਵੇਂ, ਕੋਇਰ, ਬੈਂਡ, ਡਰਾਮਾ, ਡਾਂਸ) | ○ | ○ | ○ | ○ |
| i. ਖੇਡਾਂ (ਜਿਵੇਂ, ਬਾਸਕਟ ਬਾਲ, ਟ੍ਰੈਕ ਅਤੇ ਫੀਲਡ) | ○ | ○ | ○ | ○ |
| j. ਸਭਿਆਚਾਰਕ ਗਰੁਪ/ਕਲੱਬ, ਰੂਹਾਨੀ/ਧਾਰਮਿਕ ਗਤੀਵਿਧੀਆਂ | ○ | ○ | ○ | ○ |
| k. ਸਕੂਲ ਫੀਲਡ ਟ੍ਰਿਪ | ○ | ○ | ○ | ○ |
| l. ਸਕੂਲ ਲੀਡਰਸ਼ਿਪ ਗਤੀਵਿਧੀਆਂ (ਜਿਵੇਂ, ਵਿਦਿਆਰਥੀ ਕਾਉਂਸਿਲ, ਵਿਦਿਆਰਥੀ ਪ੍ਰਕਾਸ਼ਨ) | ○ | ○ | ○ | ○ |
| m. ਸਕੂਲ ਕਲੱਬ (ਜਿਵੇਂ, ਸ਼ਤਰੰਜ ਕਲੱਬ, ਈਕੋ ਕਲੱਬ) | ○ | ○ | ○ | ○ |
| n. ਸਕੂਲ ਦੇ ਖਾਸ ਸਮਾਗਮ (ਜਿਵੇਂ, ਡਾਂਸ, ਟੇਲੰਟ ਸ਼ੋ ਆਦਿ) | ○ | ○ | ○ | ○ |

## ਨੇੜਤਾ ਅਤੇ ਵਿਭਿੰਨਤਾ

**32. ਤੁਸੀਂ ਹੇਠਲੇ ਬਿਆਨਾਂ ਨਾਲ ਕਿੰਨਾ ਸਹਿਮਤ ਜਾਂ ਅਸਹਿਮਤ ਹੋ?**

| | ਪੂਰੀ ਤਰ੍ਹਾਂ ਅਸਹਿਮਤ | ਅਸਹਿਮਤ | ਸਹਿਮਤ | ਪੂਰੀ ਤਰ੍ਹਾਂ ਸਹਿਮਤ |
|---|---|---|---|---|
| a. ਮੈਨੂੰ ਸਕੂਲ ਵਿੱਚ ਹੋਣਾ ਚੰਗਾ ਲਗਦਾ ਹੈ। | ○ | ○ | ○ | ○ |
| b. ਮੇਰਾ ਸਕੂਲ ਇੱਕ ਦੋਸਤਾਨਾ ਅਤੇ ਸੁਖਾਵੀਂ ਥਾਂ ਹੈ। | ○ | ○ | ○ | ○ |
| c. ਮੇਰਾ ਸਕੂਲ ਪੜ੍ਹਾਈ ਲਈ ਇੱਕ ਆਕਰਸ਼ਕ ਥਾਂ ਹੈ। | ○ | ○ | ○ | ○ |
| d. ਜਦੋਂ ਵੀ ਮੈਨੂੰ ਲੋੜ ਹੁੰਦੀ ਹੈ ਮੇਰੇ ਸਕੂਲ ਵਿੱਚ ਮੈਨੂੰ ਪੜ੍ਹਾਈ ਲਈ ਵਾਧੂ ਸਹਾਇਤਾ ਉਪਲਬਧ ਹੈ। | ○ | ○ | ○ | ○ |
| e. ਮੈਨੂੰ ਇਸ ਸਕੂਲ ਨਾਲ ਨੇੜੇਪਨ ਦਾ ਅਹਿਸਾਸ ਹੁੰਦਾ ਹੈ। | ○ | ○ | ○ | ○ |
| f. ਮੇਰੇ ਸਕੂਲ ਦੀ ਬਿਲਡਿੰਗ ਉਹਨਾਂ ਲੋਕਾਂ ਲਈ ਪਹੁੰਚਣ ਯੋਗ ਹੈ ਜਿਨ੍ਹਾਂ ਨੂੰ ਇਸਦੀ ਜ਼ਰੂਰਤ ਹੈ (ਮਿਸਾਲ ਲਈ, ਇਸ ਵਿੱਚ ਐਲੀਵੇਟਰ, ਆਟੋਮੈਟਿਕ ਦਰਵਾਜ਼ੇ, ਵ੍ਹੀਲਚੇਅਰ ਰੈਂਪ ਆਦਿ ਹਨ) | ○ | ○ | ○ | ○ |

**33. ਤੁਸੀਂ ਆਪਣੇ ਸਕੂਲ ਦੇ ਬਾਰੇ ਕਿਵੇਂ ਮਹਿਸੂਸ ਕਰਦੇ ਹੋ?**

| | ਕਦੇ ਨਹੀਂ | ਕਦੇ ਕਦਾਈਂ | ਕਈ ਵਾਰੀ | ਅਕਸਰ | ਸਾਰਾ ਸਮਾਂ |
|---|---|---|---|---|---|
| a. ਮੈਂ ਸਕੂਲ ਵਿੱਚ ਖੁਸ਼ ਰਹਿੰਦਾ(ਦੀ) ਹਾਂ | ○ | ○ | ○ | ○ | ○ |
| b. ਮੈਨੂੰ ਸਕੂਲ ਨਾਲ ਨੇੜੇਪਨ ਦਾ ਅਹਿਸਾਸ ਹੁੰਦਾ ਹੈ | ○ | ○ | ○ | ○ | ○ |
| c. ਮੇਰੇ ਸਕੂਲ ਦੇ ਵਿਦਿਆਰਥੀ ਮੈਨੂੰ ਸਵੀਕਾਰ ਕਰਦੇ ਹਨ | ○ | ○ | ○ | ○ | ○ |
| d. ਮੇਰੇ ਸਕੂਲ ਦੇ ਵੱਡੇ ਲੋਕ ਮੈਨੂੰ ਸਵੀਕਾਰ ਕਰਦੇ ਹਨ | ○ | ○ | ○ | ○ | ○ |
| e. ਮੈਨੂੰ ਲਗਦਾ ਹੈ ਕਿ ਸਕੂਲ ਦੇ ਨਿਯਮ ਨਿਆਂਪੂਰਨ ਹਨ | ○ | ○ | ○ | ○ | ○ |

**34. ਮੇਰੇ ਸਕੂਲ ਵਿੱਚ ਮੈਨੂੰ ਹੇਠਲੇ ਵਿਸ਼ਿਆਂ ਨਾਲ ਜੁੜੇ ਮਾਨਵ ਅਧਿਕਾਰ /ਸਮਾਜਕ ਨਿਆਂ ਦੇ ਮੁੱਦਿਆਂ 'ਤੇ ਸੋਚਣ ਅਤੇ ਸਿੱਖਣ ਲਈ ਪ੍ਰੋਤਸ਼ਾਹਤ ਕੀਤਾ ਜਾਂਦਾ ਹੈ:**

| | ਪੂਰੀ ਤਰ੍ਹਾਂ ਸਹਿਮਤ | ਸਹਿਮਤ | ਅਸਹਿਮਤ | ਪੂਰੀ ਤਰ੍ਹਾਂ ਅਸਹਿਮਤ | ਪੱਕਾ ਪਤਾ ਨਹੀਂ |
|---|---|---|---|---|---|
| a. ਲਿੰਗ ਪਛਾਣ | ○ | ○ | ○ | ○ | ○ |
| b. ਨਸਲ, ਜਾਤੀ ਅਤੇ/ਜਾਂ ਸਭਿਆਚਾਰ | ○ | ○ | ○ | ○ | ○ |
| c. ਗਰੀਬੀ | ○ | ○ | ○ | ○ | ○ |
| d. ਅਸਮਰਥਤਾ/ਚੁਣੌਤੀਆਂ | ○ | ○ | ○ | ○ | ○ |

**35. ਮੇਰੇ ਸਕੂਲ ਵਿੱਚ ਮੈਨੂੰ ਮੌਕਾ ਮਿਲਦਾ ਹੈ:**

| | ਪੂਰੀ ਤਰ੍ਹਾਂ ਸਹਿਮਤ | ਸਹਿਮਤ | ਅਸਹਿਮਤ | ਪੂਰੀ ਤਰ੍ਹਾਂ ਅਸਹਿਮਤ | ਪੱਕਾ ਪਤਾ ਨਹੀਂ |
|---|---|---|---|---|---|
| a. ਲਿੰਗ ਪਛਾਣ ਬਾਰੇ ਜਾਣਕਾਰੀ ਮਿਲਣ ਦਾ | | | | | |
| b. ਆਪਣੇ ਸਭਿਆਚਾਰਕ/ਨਸਲੀ ਪਿਛੋਕੜ ਬਾਰੇ ਜਾਣਨ ਦਾ | ○ | ○ | ○ | ○ | ○ |
| c. ਆਪਣੀ ਸਭਿਆਚਾਰਕ ਪਛਾਣ ਦੱਸਣ ਦਾ | ○ | ○ | ○ | ○ | ○ |
| d. ਆਪਣੀਆਂ ਯੋਗਤਾਵਾਂ ਬਾਰੇ ਜਾਣਨ ਦਾ (ਜਿਵੇਂ, ਸਰੀਰਕ, ਸਿੱਖਿਅਕ) | ○ | ○ | ○ | ○ | ○ |
| e. ਜੀਵਨ ਦੇ ਵਿਭਿੰਨ ਹਾਲਾਤ ਬਾਰੇ ਜਾਣਨ ਦਾ (ਜਿਵੇਂ, ਗਰੀਬੀ ਵਿੱਚ ਰਹਿਣ ਵਾਲੇ ਲੋਕ, ਅਸਮਰਥਤਾ ਵਾਲੇ ਲੋਕ) | ○ | ○ | ○ | ○ | ○ |

**36. ਮੇਰੇ ਸਕੂਲ ਵਿੱਚ ਮੇਰੇ ਵਿਚਾਰ ਵਿੱਚ ਮੇਰੇ ਵਰਗੇ ਲੋਕਾਂ ਨੂੰ ਹੇਠਲਿਆਂ ਵਿੱਚ ਸਕਾਰਾਤਮਕ ਝਲਕਾਇਆ ਜਾਂਦਾ ਹੈ:**

| | ਪੂਰੀ ਤਰ੍ਹਾਂ ਸਹਿਮਤ | ਸਹਿਮਤ | ਅਸਹਿਮਤ | ਪੂਰੀ ਤਰ੍ਹਾਂ ਅਸਹਿਮਤ | ਪੱਕਾ ਪਤਾ ਨਹੀਂ |
|---|---|---|---|---|---|
| a. ਵਿਦਿਆਰਥੀਆਂ ਦੇ ਕੰਮਾਂ ਦੀਆਂ ਤਸਵੀਰਾਂ ਅਤੇ ਡਿਸਪਲੇ | ○ | ○ | ○ | ○ | ○ |
| b. ਕਲਾਸ ਵਿੱਚ ਟੀਚਰਾਂ ਵੱਲੋਂ ਵਰਤੀ ਜਾਣ ਵਾਲੀ ਸਮੱਗਰੀ (ਜਿਵੇਂ, ਕਿਤਾਬਾਂ, ਵੀਡਿਓ) | ○ | ○ | ○ | ○ | ○ |
| c. ਕਲਾਸ ਵਿੱਚ ਪੜ੍ਹੇ ਜਾਣ ਵਾਲੇ ਵਿਸ਼ੇ | ○ | ○ | ○ | ○ | ○ |
| d. ਸਕੂਲ ਦੇ ਸਮਾਗਮ/ਸਰਗਰਮੀਆਂ (ਜਿਵੇਂ, ਫੀਲਡ ਟ੍ਰਿਪ, ਮਹਿਮਾਨ ਬੁਲਾਰੇ, ਪ੍ਰਸਤੁਤੀਆਂ, ਕਲੱਬ, ਜਸ਼ਨ ਆਦਿ) | ○ | ○ | ○ | ○ | ○ |

**37. ਆਪਣੇ ਸਕੂਲ ਵਿੱਚ (ਜਿਵੇਂ, ਕਲਾਸ ਰੂਮ, ਅਸੈਂਬਲੀ/ਪ੍ਰਸਤੁਤੀਆਂ, ਘੋਸ਼ਣਾਵਾਂ, ਪੋਸਟਰਾਂ ਜਾਂ ਜਾਗਰੂਕਤਾ ਦਿਵਸਾਂ ਰਾਹੀਂ) ਤੁਹਾਨੂੰ ਕਿੰਨੀ ਕੁ ਵਾਰੀ ਹੇਠਲੇ ਵੰਨ-ਸੁਵੰਨੇ ਲੋਕ ਸਮੂਹਾਂ ਦੇ ਤਜਰਬੇ ਅਤੇ/ਜਾਂ ਪ੍ਰਾਪਤੀਆਂ ਬਾਰੇ ਜਾਣਕਾਰੀ ਮਿਲੀ ਹੈ?**

| | ਕਦੇ ਕਦਾਈਂ | ਕਈ ਵਾਰੀ | ਅਕਸਰ |
|---|---|---|---|
| a. ਔਰਤਾਂ ਅਤੇ ਲੜਕੀਆਂ | ○ | ○ | ○ |
| b. ਸਥਾਨਕ ਮੂਲ ਵਾਸੀ (ਫਸਟ ਨੇਸ਼ਨ, ਮੈਟਿਸ, ਇਨਯੂਇਟ) | ○ | ○ | ○ |
| c. ਵਿਭਿੰਨ ਜਾਤੀ, ਸਭਿਆਚਾਰਕ ਅਤੇ ਨਸਲੀ ਸਮੂਹ | ○ | ○ | ○ |
| d. ਵਿਭਿੰਨ ਧਾਰਮਿਕ/ਰੂਹਾਨੀ ਸਮੁਦਾਅ | ○ | ○ | ○ |
| e. ਅਸਮਰਥਤਾ ਵਾਲੇ ਲੋਕ | ○ | ○ | ○ |
| f. ਵਿਭਿੰਨ ਜਿਨਸੀ ਰੁਝਾਨ ਵਾਲੇ ਲੋਕ | ○ | ○ | ○ |
| g. ਟ੍ਰਾਂਸਜੈਂਡਰ ਵਜੋਂ ਪਛਾਣੇ ਜਾਣ ਵਾਲੇ ਲੋਕ | ○ | ○ | ○ |
| h. ਧਨ ਦੇ ਆਧਾਰ 'ਤੇ ਵਿਭਿੰਨ ਤਰ੍ਹਾਂ ਦੇ ਲੋਕ | ○ | ○ | ○ |

**38. ਕੀ ਹੇਠਲੇ ਕਿਸੇ ਕਾਰਨ ਕਰਕੇ ਤੁਸੀਂ ਸਕੂਲ ਵਿੱਚ ਅਸੁਖਾਵਾਂ ਜਾਂ ਅਸਹਿਜ ਮਹਿਸੂਸ ਕਰਦੇ ਹੋ?** *(ਜੋ ਮਦ ਤੁਹਾਡੇ 'ਤੇ ਲਾਗੂ ਹੁੰਦਾ ਹੈ, ਉਸ 'ਤੇ ਸਹੀ ਲਗਾਉ।)*

- ਮੇਰਾ ਲਿੰਗ
- ਮੇਰਾ ਜਾਤੀ, ਸਭਿਆਚਾਰਕ ਜਾਂ ਨਸਲੀ ਪਿਛੋਕੜ
- ਸਥਾਨਕ ਮੂਲ ਵਾਸੀ ਪਿਛੋਕੜ (ਫਸਟ ਨੇਸ਼ਨਜ਼, ਮੈਟਿਸ, ਇਨਯੂਇਟ)
- ਮੇਰੀ ਪਹਿਲੀ ਭਾਸ਼ਾ
- ਮੇਰੇ ਗਰੇਡ ਜਾਂ ਅੰਕ
- ਮੇਰੀ ਦਿੱਖ
- ਮੇਰਾ ਧਰਮ ਜਾਂ ਵਿਸ਼ਵਾਸ
- ਮੇਰੇ ਪਰਿਵਾਰ ਕੋਲ ਮੌਜੂਦ ਪੈਸੇ
- ਮੇਰੀਆਂ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਜਾਂ ਮਨਪਸੰਦ ਕੰਮ
- ਕੋਈ ਅਸਮਰਥਤਾ ਜਾਂ ਪੜ੍ਹਾਈ ਨਾਲ ਜੁੜੀ ਮੇਰੀ ਲੋੜ
- ਮੇਰਾ ਜਿਨਸੀ ਰੁਝਾਨ
- ਮੇਰੀ ਮਾਨਸਿਕ ਸਿਹਤ
- ਦੂਜੇ ਕਾਰਨ: (ਕਿਰਪਾ ਕਰਕੇ ਵੇਰਵਾ ਦਿਓ) ___________________
- ਉਪਰਲਿਆਂ ਵਿਚੋਂ ਕੋਈ ਵੀ ਨਹੀਂ